# ਸਕੂਲ ਸਿੱਖਿਆ ਵਿਭਾਗ, ਪੰਜਾਬ

ਮੋਬਾਇਲ 'ਤੇ ਪੂਰਾ ਪਾਠ ਦੇਖਣ ਲਈ ਇਸ ਕੋਡ ਨੂੰ ਸਕੈਨ ਕਰੋ।


Team-Jal.

## ਪੰਜਾਬ : ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਪ੍ਰਭਾਵ

# Home Assignment

# Class : 9th

# Social Studies





## Part-2 (History)

## ਇਤਿਹਾਸ



ਪਾਠ:1

(From Text-book Page No. 07 to 09)

ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਅੰਗਰੇਜੀ ਅਤੇ ਸ.ਸ. ਟੀਮ-ਜਲੰਧਰ)

## ਪੰਜਾਬ ਦੀ ਭੂਗੋਲਿਕ ਸਥਿਤੀ ਦਾ ਇਤਿਹਾਸ ‘ਤੇ ਪ੍ਰਭਾਵ:-

ੳ) ਰਾਜਨੀਤਿਕ ਪ੍ਰਭਾਵ

ਅ) ਸੰਸਕ੍ਰਿਤਿਕ ਅਤੇ ਸਮਾਜਿਕ ਪ੍ਰਭਾਵ

ੲ) ਧਾਰਮਿਕ ਪ੍ਰਭਾਵ

ਸ) ਆਰਥਿਕ ਪ੍ਰਭਾਵ

### ੳ) ਰਾਜਨੀਤਿਕ ਪ੍ਰਭਾਵ

**ਪੰਜਾਬ ਭਾਰਤ ਦਾ ਪ੍ਰਵੇਸ਼ ਦੁਆਰ:** ਇਰਾਨੀ,ਯੂਨਾਨੀ,ਹੂਣ,ਕੁਸ਼ਾਣ,ਤੁਰਕ,ਮੰਗੋਲ ਅਤੇ ਮੁਗਲ ਪੰਜਾਬ ਦੇ ਦੱਰਿਆਂ ਰਾਹੀਂ ਭਾਰਤ ਵਿੱਚ ਆਏ।

**ਪੰਜਾਬ ਯੁੱਧਾਂ ਦਾ ਮੈਦਾਨ:** ਦਿੱਲੀ ਜਾਣ ਵਾਲੇ ਹਮਲਾਵਰ ਪੰਜਾਬ ਵਿੱਚੋਂ ਦੀ ਲੰਘਦੇ ਸਨ। ਪੰਜਾਬੀਆਂ ਨੂੰ ਹੀ ਉਨ੍ਹਾਂ ਦਾ ਸਾਹਮਣਾ ਕਰਨਾ ਪਿਆ।

**ਜੰਗਲਾਂ ਅਤੇ ਪਹਾੜਾਂ ਦਾ ਪ੍ਰਭਾਵ:** ਸਿੱਖਾਂ ਨੇ ਅਬਦਾਲੀ ਅਤੇ ਹੋਰ ਵਿਦੇਸ਼ੀ ਸ਼ਾਸਕਾਂ ਵਿਰੁੱਧ ਸੰਘਰਸ਼ ਲਈ ਜੰਗਲਾਂ ਤੇ ਪਹਾੜਾਂ ਵਿਚ ਸ਼ਰਨ ਲੈ ਕੇ ਗੁਰੀਲਾ ਯੁੱਧ ਪ੍ਰਣਾਲੀ ਅਪਣਾਈ ।

**ਅੰਗਰੇਜ਼ਾਂ ਦਾ ਪੰਜਾਬ ਵਿੱਚ ਪ੍ਰਵੇਸ਼ :** ਭੂਗੋਲਿਕ ਸਥਿਤੀ ਕਾਰਨ ਹੀ ਅੰਗਰੇਜ਼ ਸਭ ਤੋਂ ਬਾਅਦ ਪੰਜਾਬ ਨੂੰ ਆਪਣੇ ਰਾਜ ਵਿੱਚ ਮਿਲਾ ਸਕੇ।

ਸਕੂਲ ਸਿੱਖਿਆ ਵਿਭਾਗ, ਪੰਜਾਬ
ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ
ਟੀਮ - ਜਲੰਧਰ

## ਅ) ਸੰਸਕ੍ਰਿਤਿਕ ਅਤੇ ਸਮਾਜਿਕ ਪ੍ਰਭਾਵ

### ਪੰਜਾਬੀਆਂ ਦੀ ਵਿਸ਼ੇਸ਼ ਸੰਸਕ੍ਰਿਤੀ:

ਵਿਦੇਸ਼ੀ ਹਮਲਾਵਰਾਂ ਦੇ ਆਉਣ ਨਾਲ ਨਵੀਆਂ ਜਾਤੀਆਂ ਬਣੀਆਂ,ਉਨ੍ਹਾਂ ਦੇ ਬਾਹਰ ਜਾਣ ਨਾਲ ਵੀ ਸਾਡੀ ਸੰਸਕ੍ਰਿਤੀ ਦਾ ਪ੍ਰਚਾਰ ਪ੍ਰਸਾਰ ਹੋਇਆ।


### ਪੰਜਾਬੀਆਂ ਦੇ ਵਿਸ਼ੇਸ਼ ਗੁਣ :

ਵਿਦੇਸ਼ੀ ਹਮਲਿਆਂ ਨੇ ਪੰਜਾਬੀਆਂ ਵਿੱਚ ਬਹਾਦਰੀ,ਹਿੰਮਤ ਅਤੇ ਮਿਹਨਤ ਦੇ ਗੁਣ ਭਰੇ। ਰਹਿਣ-ਸਹਿਣ,ਖਾਣ-ਪੀਣ ਅਤੇ ਪਹਿਰਾਵੇ ਵਿੱਚ ਤਬਦੀਲੀ ਆਈ।

### ਕਲਾ ਅਤੇ ਸਾਹਿਤ ’ਤੇ ਪ੍ਰਭਾਵ :

ਵਿਦੇਸ਼ੀ ਹਮਲਿਆਂ ਨਾਲ ਨੁਕਸਾਨ ਹੋਇਆ।

ਵਿਦੇਸ਼ੀ ਸੰਸਕ੍ਰਿਤੀ ਦੇ ਸੰਪਰਕ ਵਿਚ ਆਉਣ ਨਾਲ ਗੁੰਬਦ ਅਤੇ ਮਹਿਰਾਬ ਦੀ ਵਰਤੋਂ ਵੀ ਹੋਣ ਲੱਗ ਪਈ।



## ੲ) ਧਾਰਮਿਕ ਪ੍ਰਭਾਵ-

### ਵੈਦਿਕ ਧਰਮ ਦਾ ਜਨਮ ਅਤੇ ਵਿਕਾਸ:

ਰਿਗਵੇਦ, ਸਾਮਵੇਦ, ਅਥਰਵਵੇਦ, ਯਜੁਰਵੇਦ ਚਾਰ ਵੇਦਾਂ ਵਿੱਚੋਂ ਸਭ ਤੋਂ ਪ੍ਰਾਚੀਨ ਅਤੇ ਮਹੱਤਵਪੂਰਨ 'ਰਿਗਵੇਦ' ਦੀ ਰਚਨਾ ਪੰਜਾਬ ਦੀ ਧਰਤੀ 'ਤੇ ਹੋਈ।

### ਇਸਲਾਮ ਧਰਮ ਦਾ ਪ੍ਰਸਾਰ :

ਮੁਸਲਿਮ ਹਮਲਾਵਰਾਂ ਨੇ ਪੰਜਾਬ 'ਤੇ ਆਪਣਾ ਅਧਿਕਾਰ ਕੀਤਾ ਅਤੇ ਲੋਕਾਂ ਨੂੰ ਮੁਸਲਿਮ ਧਰਮ ਅਪਣਾਉਣ ਲਈ ਮਜਬੂਰ ਕੀਤਾ।

### ਹਿੰਦੂ ਜਾਤੀ ਦੇ ਕਠੋਰ ਰੀਤੀ ਰਿਵਾਜ :

ਹਿੰਦੂਆਂ ਦੇ ਕਠੋਰ ਰੀਤੀ ਰਿਵਾਜਾਂ ਕਾਰਨ ਨਿਮਨ ਜਾਤੀ ਦੇ ਬਹੁਤੇ ਲੋਕਾਂ ਨੇ ਇਸਲਾਮ ਧਰਮ ਨੂੰ ਅਪਣਾ ਲਿਆ।

ਸਕੂਲ ਸਿੱਖਿਆ ਵਿਭਾਗ, ਪੰਜਾਬ
ਅੰਗਰੇਜੀ ਅਤੇ ਸਮਾਜਿਕ ਸਿੱਖਿਆ

### ਸਿੱਖ ਧਰਮ ਦਾ ਜਨਮ :

ਵਿਦੇਸ਼ੀ ਹਮਲਾਵਰਾਂ ਦੇ ਅੱਤਿਆਚਾਰਾਂ ਅਤੇ ਹਿੰਦੂ ਸਮਾਜ ਦੇ ਕਰਮ ਕਾਂਡਾਂ ਅਤੇ ਪਾਖੰਡਾਂ ਤੋਂ ਲੋਕ ਅੱਕ ਚੁੱਕੇ ਸਨ | ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਸਥਾਪਨਾ ਕੀਤੀ। ਉਨ੍ਹਾਂ ਤੋਂ ਬਾਅਦ ਨੌਂ ਸਿੱਖ ਗੁਰੂਆਂ ਨੇ ਵੀ ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ।



## ਸ) ਆਰਥਿਕ ਪ੍ਰਭਾਵ:

### ਪੰਜਾਬੀਆਂ ਦਾ ਮੁੱਖ ਕਿੱਤਾ ਖੇਤੀਬਾੜੀ:

ਪੰਜਾਬ ਦਾ ਜ਼ਿਆਦਾਤਰ ਖੇਤਰ ਮੈਦਾਨੀ ਹੈ ।ਸਦਾ ਵਗਦੀਆਂ ਨਦੀਆਂ ਨਾਲ ਮਿੱਟੀ ਉਪਜਾਊ ਹੈ । ਇੱਥੇ ਕਣਕ,ਚਾਵਲ,ਕਪਾਹ,ਦਾਲਾਂ,ਮੱਕੀ,ਜੌਂ,ਛੋਲੇ,ਗੰਨਾ,ਸਰ੍ਹੋਂ ਦੀ ਖੇਤੀ ਕੀਤੀ ਜਾਂਦੀ ਹੈ ।ਲੋਕ ਭੇਡਾਂ ਬੱਕਰੀਆਂ ਵੀ ਪਾਲਦੇ ਸਨ।



ਪੰਜਾਬ ਵਿੱਚ ਖੇਤੀਬਾੜੀ ਦਾ ਇੱਕ ਦ੍ਰਿਸ਼

### ਵਿਦੇਸ਼ਾਂ ਨਾਲ ਵਪਾਰ :

ਪੰਜਾਬ ਦੇ ਦੱਰਿਆ ਰਾਹੀਂ ਵਿਦੇਸ਼ੀਆਂ ਨਾਲ ਵਪਾਰ ਹੁੰਦਾ ਸੀ।

### ਵਪਾਰਕ ਨਗਰਾਂ ਦਾ ਜਨਮ:

ਮੱਧ ਕਾਲ ਵਿੱਚ ਪੰਜਾਬ ਵਿੱਚ ਘਰੇਲੂ ਅਤੇ ਵਿਦੇਸ਼ੀ ਵਪਾਰ ਵਧਿਆ। ਨਵੇਂ ਨਗਰ ਹੋਂਦ ਵਿੱਚ ਆਏ । ਜਿਨ੍ਹਾਂ ਵਿੱਚ ਲਾਹੌਰ,ਮੁਲਤਾਨ,ਪੇਸ਼ਾਵਰ,ਅੰਮ੍ਰਿਤਸਰ,ਜਲੰਧਰ,ਹਿਸਾਰ ਅਤੇ ਫਿਰੋਜ਼ਪੁਰ ਮੁੱਖ ਸਨ ।

## ਬਹੁ-ਵਿਕਲਪੀ ਪ੍ਰਸ਼ਨ :-

1.ਪੰਜਾਬ ਦੇ ਦੱਰਿਆ ਰਾਹੀਂ ਵਿਦੇਸ਼ੀ ਹਮਲਾਵਰ ਭਾਰਤ ਆਏ :

(ੳ) ਇਰਾਨੀ (ਅ) ਯੂਨਾਨੀ (ੲ) ਮੰਗੋਲ (ਸ) ਉਪਰੋਕਤ ਸਾਰੇ

2.ਦਿੱਲੀ ਜਾਣ ਵਾਲੇ ਹਮਲਾਵਰਾਂ ਨੂੰ ਇਨ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਸੀ :

(ੳ) ਮੁਗਲ (ਅ) ਯੂਨਾਨੀ (ੲ) ਹੁਣ (ਸ) ਪੰਜਾਬੀ

3.ਪੰਜਾਬੀਆਂ ਦੇ ਵਿਸ਼ੇਸ਼ ਗੁਣ ਸਨ :

(ੳ) ਬਹਾਦਰ (ਅ) ਹਿੰਮਤੀ (ੲ) ਮਿਹਨਤੀ (ਸ) ਉਪਰੋਕਤ ਸਾਰੇ

4.ਸਭ ਤੋਂ ਮਹੱਤਵਪੂਰਨ ਅਤੇ ਪ੍ਰਾਚੀਨ ਗ੍ਰੰਥ ਦਾ ਨਾਂ ਹੈ :

(ੳ) ਸਾਮਵੇਦ (ਅ) ਯਜੁਰਵੇਦ (ੲ) ਰਿਗਵੇਦ (ਸ) ਅਥਰਵਵੇਦ

5.ਗੁਰੂ ਨਾਨਕ ਦੇਵ ਜੀ ਨੇ ਧਰਮ ਦੀ ਸਥਾਪਨਾ ਕੀਤੀ :

(ੳ) ਹਿੰਦੂ (ਅ) ਸਿੱਖ (ੲ) ਮੁਗਲ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

ਸਕੂਲ ਸਿੱਖਿਆ ਵਿਭਾਗ, ਪੰਜਾਬ
ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ
ਟੀਮ - ਜਲੰਧਰ

## ਖਾਲੀ ਸਥਾਨ ਭਰੋ :-

1.ਵਿਦੇਸ਼ੀ ਹਮਲਾਵਰਾਂ ਦੇ ਆਉਣ ਨਾਲ ਨਵੀਆਂ -------ਬਣੀਆਂ ।

2.ਲੋਕਾਂ ਨੂੰ ਮੁਸਲਿਮ ਧਰਮ ਅਪਣਾਉਣ ਲਈ------ ਕੀਤਾ।

3.ਗੁਰੂ ਨਾਨਕ ਦੇਵ ਜੀ ਤੋਂ ਬਾਅਦ------ ਨੇ ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ।

4.ਅੰਗਰੇਜ਼ਾਂ ਨੇ----- ਨੂੰ ਸਭ ਤੋਂ ਬਾਅਦ ਆਪਣੇ ਰਾਜ ਵਿੱਚ ਮਿਲਾਇਆ ।

5.ਪੰਜਾਬ ਦੇ ਲੋਕ-------- ਵੀ ਪਾਲਦੇ ਸਨ ।

ਪੜ੍ਹੋ ਪੰਜਾਬ
ਸਕੂਲ ਸਿੱਖਿਆ ਵਿਭਾਗ, ਪੰਜਾਬ
ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ
ਟੀਮ - ਜਲੰਧਰ
ਪੜ੍ਹਾਓ ਪੰਜਾਬ


**ਸਹੀ ਮਿਲਾਣ ਕਰੋ :-**

| Part - A | Part - B |
|---|---|
| 1. ਭਾਰਤ ਦਾ ਪ੍ਰਵੇਸ਼ ਦੁਆਰ | 1. ਮੁਲਤਾਨ |
| 2. ਪੰਜਾਬੀਆਂ ਦਾ ਮੁੱਖ ਕਿੱਤਾ | 2. 10 |
| 3. ਨਵਾਂ ਨਗਰ | 3. ਸਾਮਵੇਦ |
| 4. ਧਾਰਮਿਕ ਗ੍ਰੰਥ | 4. ਪੰਜਾਬ |
| 5. ਗੁਰੂ ਸਾਹਿਬਾਨ | 5. ਖੇਤੀਬਾੜੀ |

ਪੜ੍ਹੋ ਪੰਜਾਬ
ਸਕੂਲ ਸਿੱਖਿਆ ਵਿਭਾਗ, ਪੰਜਾਬ
ਅੰਗਰੇਜੀ ਅਤੇ ਸਮਾਜਿਕ ਸਿੱਖਿਆ
ਟੀਮ - ਜਲੰਧਰ
ਪੜ੍ਹਾਓ ਪੰਜਾਬ

5. ਮਾਈਂਡ ਮੈਪ :-

## ਵਿਦੇਸ਼ੀ ਹਮਲਾਵਰ



5. ਮਾਈਂਡ ਮੈਪ :-

## 10 ਸਿੱਖ ਗੁਰੂ ਸਾਹਿਬਾਨਾਂ ਦੇ ਨਾਂ



# ਸਕੂਲ ਸਿੱਖਿਆ ਵਿਭਾਗ, ਪੰਜਾਬ

ਮੋਬਾਇਲ 'ਤੇ ਪੂਰਾ ਪਾਠ ਵੇਖਣ ਲਈ ਇਸ ਕੋਡ ਨੂੰ ਸਕੈਨ ਕਰੋ।

Team-Jal.

## ਪੰਜਾਬ : ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਪ੍ਰਭਾਵ

# THANKS


**Part-2 (History)**

**ਇਤਿਹਾਸ**

**ਪਾਠ:1**

(From Text-book
Page No. 07 to 09)







ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਅੰਗਰੇਜੀ ਅਤੇ ਸ.ਸ. ਟੀਮ–ਜਲੰਧਰ)